Weekly

# CANADA SIKH TIMES

24 - 30 December, 2023

ਕੈਨੇਡਾ ਸਿੱਖ ਟਾਈਮਜ਼

Volume 1 Issue 30

• RELIGION • CULTURE • HERITAGE • BUSINESS

## Jasmeet Singh Sahni drove 19000 km from Canada to India in 40 days




Many of us love to travel and are ready to do so whenever there is a chance. We have to take flights to travel along away. Some people enjoy travelling by their cars. But a man in Canada has driven his SUV to India. The enthusiast traveller drove his car around 19,000 km. He has become the talk of the town due to his mode of travelling. His name is Jasmeet Singh Sahni.

It took him around 40 days to reach India by his Ford Bronco SUV. He covered 18 countries before reaching his final destination. Jasmeet told DNA India that he planned this road trip in 2.5 years. During his journey, he also had to sleep in his SUV. Jasmeet explained that he spent over Rs 25 lakh for the journey.

## ਅਲਬਰਟਾ ਗੈਸ ਟੈਕਸ 2024 ਵਿੱਚ ਮੁੜ ਤੋਂ ਲੱਗਣਾ ਆਰੰਭ



ਅਲਬਰਟਾ ਦੀ ਪ੍ਰੀਮੀਅਰ ਨੇ ਸੂਬੇ ਦੇ ਗੈਸ ਟੈਕਸ ਨੂੰ ਨਾਂ ਲਗਾਉਣ ਦੇ ਆਪਣੇ ਸਪਰਿੰਗ 2022 ਦੇ ਫੈਸਲੇ ਨੂੰ ਉਲਟਾ ਦਿੱਤਾ ਹੈ ਅਤੇ ਨਵੇਂ ਸਾਲ ਵਿੱਚ ਇਸਨੂੰ 9 ਸੈਂਟ ਪ੍ਰਤੀ ਲੀਟਰ ਦੇ ਹਿਸਾਬ ਨਾਲ ਵਾਪਸ ਲੈ ਕੇ ਆ ਰਹੀ ਹੈ। ਇਸ ਨੂੰ ਪਹਿਲਾਂ ਕਿਫਾਇਤੀ ਸੰਕਟ ਦੇ ਮੱਦੇਨਜ਼ਰ ਰਾਹਤ ਪ੍ਰਦਾਨ ਕਰਨ ਲਈ ਹਟਾ ਦਿੱਤਾ ਗਿਆ ਸੀ। ਇਹ ਟੈਕਸ ਤੇਲ ਦੀ ਕੀਮਤ ਨਾਲ ਜੁੜਿਆ ਹੋਇਆ ਹੈ ਅਤੇ ਬੀਤੇ ਸਮਿਆਂ ਦੌਰਾਨ ਉੱਚੀਆਂ ਕੀਮਤਾਂ ਨੇ ਸੂਬੇ ਨੂੰ ਟੈਕਸ ਘਟਾਉਣ ਲਈ ਕਾਫ਼ੀ ਮਾਲੀਆ ਪ੍ਰਦਾਨ ਕੀਤਾ ਸੀ। ਹੁਣ ਫੈਡਰਲ ਸਰਕਾਰ 1 ਅਪ੍ਰੈਲ 2024 ਤੋਂ ਕਾਰਬਨ ਟੈਕਸ ਨੂੰ ਵਧਾ ਕੇ ਗੈਸ ’ਤੇ 17 ਸੈਂਟ ਅਤੇ ਡੀਜ਼ਲ ’ਤੇ 21 ਸੈਂਟ ਪ੍ਰਤੀ ਲੀਟਰ ਕਰ ਰਹੀ ਹੈ। ਸਰਕਾਰਾਂ ਦੇ ਇਹ ਫੈਸਲੇ ਤਾਂ ਉਹਨਾਂ ਦੀਆਂ ਰਾਜਨੀਤਕ ਪਾਲਿਸੀਆਂ ਤਹਿਤ ਲੋਕਾਂ ਉੱਪਰ ਥੋਪ ਦਿੱਤੇ ਜਾਂਦੇ ਹਨ ਪਰ ਇਸ ਨਾਲ ਪਹਿਲਾਂ ਹੀ ਮਹਿੰਗਾਈ ਹੇਠ ਦੱਬੇ ਲੋਕ ਹੋਰ ਬੇ-ਰਾਹਤੇ ਮਹਿਸੂਸ ਕਰਦੇ ਹਨ।

### ਭਰਪੂਰ ਸੋਝੀ




ਸਾਡੇ ਦਰਸ਼ਕਾਂ ਵਲੋਂ ਅਕਸਰ ਇਕ ਮਹੱਤਵਪੂਰਨ ਸਵਾਲ ਪੁੱਛਿਆ ਜਾਂਦਾ ਹੈ ਕਿ ਉਹਨਾਂ ਦੇ ਨਗਰ ’ਚ ਸਥਾਪਤ ਗੁਰਦੁਆਰਾ ਸਾਹਿਬ ਵਿਖੇ ਵੱਖ-ਵੱਖ ਪ੍ਰਚਾਰਕਾਂ ਵਲੋਂ ਸਿੱਖ ਇਤਿਹਾਸ ਦੀ ਕਿਸੇ ਇਕੋ ਘਟਨਾ ਬਾਬਤ ਕਈ ਤਰ੍ਹਾਂ ਦੀਆਂ ਸਾਖੀਆਂ ਸੁਣਾਈਆਂ ਜਾਂਦੀਆਂ ਹਨ, ਜਿਸ ਨਾਲ ਸਿੱਖ ਇਤਿਹਾਸ ਨੂੰ ਸਮਝਣ ’ਚ ਮੁਸ਼ਕਲ ਆਉਂਦੀ ਹੈ, ਇਸ ਬਾਰੇ ਕੀ ਕੀਤਾ ਜਾ ਸਕਦਾ ਹੈ? ਇਸ ਸੰਦਰਭ ’ਚ ਅਸੀਂ ਆਪਣੇ ਦਰਸ਼ਕਾਂ ਨੂੰ ਇਕ ਹੀ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਗੁਰਬਾਣੀ ਦੇ ਚਾਨਣ ਵਿਚ ਸਾਨੂੰ ਆਪਣਾ ਇਤਿਹਾਸ ਵਾਚਣ ਤੇ ਸਮਝਣ ਦੀ ਲੋੜ ਹੈ। ਵੱਖ-ਵੱਖ ਵਿਚਾਰਾਂ ’ਚੋਂ ਲੰਘ ਕੇ ਹੀ ਤੁਸੀਂ ਸਹੀ ਫੈਸਲਾ ਲੈਣ ਦੇ ਕਾਬਿਲ ਬਣਦੇ ਹੋ। ਗੁਰਬਾਣੀ ਸਾਨੂੰ ਜਿਹੜੀ ਦ੍ਰਿਸ਼ਟੀ, ਤਰਕ ਅਤੇ ਵਿਗਿਆਨ ਭਰਪੂਰ ਸੋਝੀ ਦਿੰਦੀ ਹੈ ਉਹਦੇ ਮੁਤਾਬਿਕ ਇਤਿਹਾਸ ਨੂੰ ਵੇਖੀਏ ਕਿਉਂਕਿ ਇਤਿਹਾਸ ਵਿਚ ਬਹੁਤ ਐਸੀਆਂ ਗੱਲਾਂ ਲਿੱਖ ਦਿੱਤੀਆਂ ਗਈਆਂ ਹਨ ਜੋ ਕਿ ਗੁਰਬਾਣੀ ਦੇ ਅਨੁਕੂਲ ਨਹੀਂ ਜਾਪਦੀਆਂ। ਵਰ-ਸਰਾਪ, ਕਰਾਮਾਤਾਂ, ਵਹਿਮ-ਭਰਮ ਜਿਹੀਆਂ ਮਨਘੜਤ ਕਹਾਣੀਆਂ ਸਾਨੂੰ ਮੂਲੋ ਰਦ ਕਰ ਦੇਣੀਆਂ ਹੀ ਪੰਥ ਦਾ ਭਲਾ ਹੈ। ਇਸਦੇ ਨਾਲ ਹੀ ਪ੍ਰਚਾਰਕਾਂ ਨੂੰ ਇਕ ਹੋਰ ਬੇਨਤੀ ਹੈ ਕਿ ਸੁਣੀ-ਸੁਣਾਈ ਗੱਲ ਨੂੰ ਗੁਰੂ ਸਾਹਿਬਾਨ ਨਾਲ ਜੋੜਨ ਤੋਂ ਪਹਿਲਾਂ ਉਸਨੂੰ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ’ਚ ਜ਼ਰੂਰ ਪਰਖ ਲਈਏ।

– ਪੁਸਤਕ **ਆਗਾਹਾ ਕੂ ਤ੍ਰਾਘਿ** ’ਚੋਂ

# DESH VIDESH



## ਇਨ ਪੁਤ੍ਰਨ ਸੀਸ ਪੈ ਵਾਰ ਦੀਏ ਸੁਤ ਚਾਰ।

- ਜਸਨੂਰ ਕੌਰ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ॥

ਚਾਰ ਸਾਹਿਬਜ਼ਾਦਿਆਂ ਦੇ ਨਾਮ ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਸਾਹਿਬਜ਼ਾਦਾ ਜੋਰਾਵਰ ਸਿੰਘ ਜੀ, ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ, ਇਹਨਾਂ ਦੇ ਪਿਤਾ ਜੀ ਦਾ ਨਾਮ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਜੀ ਦਾ ਨਾਮ ਜੀਤੋ ਜੀ ਸੀ। ਚਾਰੇ ਸਾਹਿਬਜ਼ਾਦੇ ਖੁਸ਼ੀ ਖੁਸ਼ੀ ਆਨੰਦਪੁਰ ਸਾਹਿਬ ਵਿਖੇ ਰਹਿੰਦੇ ਸਨ ਅਤੇ ਆਪਣੇ ਦਾਦੀ ਅਤੇ ਮਾਤਾ ਜੀ ਤੋਂ ਸਾਖੀਆਂ ਤੇ ਗੁਰਬਾਣੀ ਸਿੱਖਦੇ ਸਨ।

ਇਕ ਦਿਨ ਅਚਾਨਕ ਮੁਗਲਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਚਾਲ ਚੱਲੀ ਉਹਨਾਂ ਨੇ ਗਊ ਮਾਤਾ ਦੀ ਕਸਮ ਖਾ ਕੇ ਕਿਹਾ ਕਿ ਗੁਰੂ ਜੀ ਕਿਲਾ ਛੱਡ ਦੇਣ ਅਸੀਂ ਉਹਨਾਂ ਨੂੰ ਕੁਝ ਨਹੀਂ ਕਹਾਂਗੇ। ਗੁਰੂ ਜੀ ਨੇ ਉਹਨਾਂ ਦੀ ਗੱਲ ਮੰਨ ਲਈ ਅਤੇ ਕਿਲਾ ਛੱਡਣ ਲਈ ਤਿਆਰ ਹੋ ਗਏ

ਗੁਰੂ ਜੀ ਆਪਣੇ ਸਿੰਘਾਂ ਨੂੰ ਅਤੇ ਆਪਣੇ ਪਰਿਵਾਰ ਨੂੰ ਲੈ ਕੇ ਕਿਲਾ ਛੱਡ ਕੇ ਤੁਰ ਪਏ ਜਦੋਂ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਬਹੁਤ ਤੇਜ਼ ਮੀਂਹ ਤੇ ਤੂਫਾਨ ਆ ਗਿਆ ਉਧਰੋਂ ਮੁਗਲਾਂ ਨੇ ਵੀ ਹਮਲਾ ਕਰ ਦਿੱਤਾ ਬਹੁਤ ਜੋਰਦਾਰ ਜੰਗ ਹੋਈ ਕਈ ਸਿੱਖ ਸ਼ਹੀਦ ਹੋ ਗਏ।

ਸਾਰਾ ਸਮਾਨ ਸਾਰਾ ਦੇ ਵਿੱਚ ਰੁੜ ਗਿਆ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਜੰਗਲਾ ਵੱਲ ਚੱਲ ਗਏ ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਕੌਰ ਜੀ ਭਾਈ ਮਣੀ ਸਿੰਘ ਜੀ ਨਾਲ ਦਿੱਲੀ ਚਲੇ ਗਏ ਗੁਰੂ ਜੀ ਤੇ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਗੜੀ ਵੱਲ ਚੱਲ ਪਏ ਚਮਕੌਰ ਦੀ ਗੜੀ ਵਿੱਚ ਗੁਰੂ ਜੀ ਦੇ ਨਾਲ 40 ਸਿੰਘ ਤੇ ਦੋ ਵੱਡੇ ਸਾਹਿਬਜ਼ਾਦੇ ਸਨ ਮੁਗਲਾਂ ਨੇ ਉੱਥੇ ਵੀ ਹਮਲਾ ਕਰ ਦਿੱਤਾ ਪੰਜ ਪੰਜ ਸਿੰਘਾਂ ਦੇ ਜੱਥੇ 10 ਲੱਖ ਫੌਜ ਦਾ ਟਾਕਰਾ ਕੀਤਾ ਇਸ ਜੰਗ ਵਿੱਚ ਗੁਰੂ ਜੀ ਦੇ ਉਹ ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ।

ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਗੰਗੂ ਨਾਲ ਉਸ ਦੇ ਪਿੰਡ ਖੇੜੀ ਵੱਲ ਚੱਲ ਗਏ ਗੰਗੂ ਗੁਰੂ ਘਰ ਜੀ ਦਾ ਪਹਿਲਾ ਰਸੋਈਆ ਸੀ ਉਹ ਬਹੁਤ ਲਾਲਚੀ ਸੀ। ਗੰਗੂ ਨੇ ਮੋਹਰਾਂ ਦੇ ਲਾਲਚ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਕੋਤਵਾਲ ਕੋਲ ਫੜਾ ਦਿੱਤਾ ਕੈਦ ਹੋਣ ਤੋਂ ਬਾਅਦ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਰੱਖਿਆ ਗਿਆ ਪਰ ਗੁਰੂ ਜੀ ਦੇ ਪਿਆਰੇ ਬੱਚੇ ਆਪਣੇ ਸਿਦਕ ਤੋਂ ਨਹੀਂ ਡੋਲੇ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਇਸਲਾਮ ਕਬੂਲ ਨਹੀਂ ਕੀਤਾ ਕਾਜੀ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਨਣ ਦਾ ਫਤਬਾ ਸੁਣਾਇਆ ਅੰਤ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਪਰ ਫਿਰ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ:

ਇਨ ਪੁਤ੍ਰਨ ਸੀਸ ਪੈ ਵਾਰ ਦੀਏ ਸੁਤ ਚਾਰ।<br>
ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ।

- ਸਿੱਖ ਐਜੂਕੇਸ਼ਨ ਬੈਲਜੀਅਮ

## ਕੁਰਬਾਨੀ ਦੀ ਮੂਰਤ ਮਾਤਾ ਗੁਜਰੀ ਜੀ



ਮਾਤਾ ਗੁਜਰੀ ਕੌਰ ਦਾ ਜਨਮ 1622 ਵਿਚ ਲਾਲ ਚੰਦ ਸੁਭਿੱਖੀ ਦੇ ਘਰ ਕਰਤਾਰਪੁਰ ਵਿਖੇ ਹੋਇਆ। ਬਚਪਨ ਵਿਚ ਹੀ ਇਨ੍ਹਾਂ ਦਾ ਸੁਭਾਅ ਬਹੁਤ ਨਿਰਮਲ ਅਤੇ ਝੁਕਾਅ ਅਧਿਆਤਮਿਕਤਾ ਵਲ ਸੀ। ਆਪ ਜੀ ਦਾ ਵਿਆਹ ਸੰਨ 1633 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਹੋਇਆ। ਇਸਤੋਂ ਬਾਅਦ ਆਰੰਭ ਹੋਇਆ ਕੁਰਬਾਨੀਆਂ ਦਾ ਸਿਲਸਿਲਾ।

ਜੇਕਰ ਮਾਤਾ ਗੁਜਰੀ ਜੀ ਦੀਆਂ ਕੁਰਬਾਨੀਆਂ ਦੀ ਗੱਲ ਕੀਤੀ ਜਾਵੇ ਤਾਂ ਮਾਤਾ ਗੁਜਰੀ ਜੀ ਨੂੰ ਅੱਠ ਸ਼ਹੀਦੀਆਂ ਦਾ ਯੁੱਗ ਆਖ ਕੇ ਯਾਦ ਕੀਤਾ ਜਾਂਦਾ ਹੈ। ਇਹ ਸਿਰਜਨਹਾਰੀ ਭਾਵ ਮਾਤਾ ਗੁਜਰੀ ਜੀ ਦੁਨੀਆਂ ਵਿਚ ਆਉਣ ਵਾਲੀ ਹਰ ਸ਼ਖ਼ਸੀਅਤ ਤੋਂ ਵਿਲੱਖਣ ਹਨ। ਆਪ ਜੀ ਦੇ ਪਤੀ ਸ੍ਰੀ ਗੁਰੂ ਤੇਗ ਬਹਾਦਰ ਜੀ, ਪੁੱਤਰ ਗੁਰੂ ਗੋਬਿੰਦ ਸਿੰਘ ਜੀ, ਭਰਾ ਸ੍ਰੀ ਕ੍ਰਿਪਾਲ ਚੰਦ, ਚਾਰ ਪੋਤਰੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ, ਪੰਜ ਦੋਹਤੇ ਤੇ ਖ਼ੁਦ ਆਪ ਕੌਮ ਦੀ ਖ਼ਾਤਰ ਸ਼ਹੀਦ ਹੋਏ ਹਨ। ਜੇ ਅਸੀਂ ਸਤਿਯੁਗ, ਤ੍ਰੇਤਾ, ਦੁਆਪਰ ਜਾਂ ਫਿਰ ਚੱਲ ਰਹੇ ਕੁਲਯੁੱਗ ਵੱਲ ਨਜ਼ਰ ਮਾਰੀਏ ਤਾਂ ਅਜਿਹੀ ਬਲੀਦਾਨ ਵਾਲੀ ਸ਼ਖ਼ਸੀਅਤ ਸਾਨੂੰ ਨਹੀਂ ਲੱਭੇਗੀ। ਮਨੁੱਖਤਾ ਦੀ ਭਲਾਈ ਲਈ ਆਪਣਾ ਹੀ ਨਹੀਂ ਸਗੋਂ ਆਪਣੇ ਜਣੇਆਂ ਦਾ ਵੀ ਖੂਨ ਨਿਛਾਵਰ ਕੀਤਾ ਪਰ ਦੁੱਖਾਂ ਕਿਤੇ ਵੀ ਥਿੜਕੇ ਨਹੀਂ। ਸਾਡੀ ਕੌਮ ਦੇ ਮਹਾਨ ਪੰਥ ਪ੍ਰਦਰਸ਼ਕ ਮਾਤਾ ਗੁਜਰੀ ਜੀ ਨੂੰ ਉਹਨਾਂ ਦੇ ਸ਼ਹੀਦੀ ਦਿਹਾੜੇ 'ਤੇ ਸਮੁੱਚੀ ਲੋਕਾਈ ਸ਼ਤ ਸ਼ਤ ਨਮਨ ਕਰਦੀ ਹੈ।



# HERITAGE

## ਲੰਘੇ 24 ਘੰਟਿਆਂ ਦੌਰਾਨ ਭਾਰਤ 'ਚ ਕਰੋਨਾ ਵਾਇਰਸ ਦੇ 640 ਨਵੇਂ ਮਾਮਲੇ ਆਏ ਸਾਹਮਣੇ




ਕਰੋਨਾ ਵਾਇਰਸ ਦਾ ਜੇ.ਐਨ. 1 ਵੈਰੀਐਂਟ ਭਾਰਤ 'ਚ ਬੜੀ ਤੇਜੀ ਨਾਲ ਫੈਲ ਰਿਹਾ ਹੈ। ਲੰਘੇ 24 ਘੰਟਿਆਂ ਦੌਰਾਨ ਦੇਸ਼ ਭਰ 'ਚ ਕਰੋਨਾ ਵਾਇਰਸ ਦੇ 640 ਨਵੇਂ ਮਾਮਲੇ ਦਰਜ ਕੀਤੇ ਗਏ ਹਨ ਅਤੇ ਇਕ ਵਿਅਕਤੀ ਦੀ ਮੌਤ ਵੀ ਹੋ ਗਈ ਹੈ। ਸਿਹਤ ਮੰਤਰਾਲੇ ਅਨੁਸਾਰ ਦੇਸ਼ 'ਚ ਐਕਟਿਵ ਮਾਮਲਿਆਂ ਦੀ ਗਿਣਤੀ 2997 ਹੋ ਗਈ ਹੈ ਜਦਕਿ ਇਕ ਦਿਨ ਪਹਿਲਾਂ ਇਹ ਅੰਕੜਾ 2669 'ਤੇ ਸੀ। ਸਿਹਤ ਮੰਤਰਾਲੇ ਅਨੁਸਾਰ ਇਕੱਲੇ ਕੇਰਲ 'ਚ ਹੀ ਕਰੋਨਾ ਵਾਇਰਸ ਦੇ 2606 ਐਕਟਿਵ ਮਾਮਲੇ ਹਨ ਜੋ ਦੇਸ਼ ਵਿਚ ਸਭ ਤੋਂ ਜ਼ਿਆਦਾ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਕਰੋਨਾ ਦਾ ਨਵਾਂ ਜੇ.ਐਨ. 1 ਵੈਰੀਐਂਟ ਹੁਣ ਤੱਕ 41 ਦੇਸ਼ਾਂ 'ਚ ਫੈਲ ਚੁੱਕਿਆ ਹੈ। ਫਰਾਂਸ, ਅਮਰੀਕਾ, ਬ੍ਰਿਟੇਨ, ਸਿੰਗਾਪੁਰ, ਕੈਨੇਡਾ ਅਤੇ ਸਵੀਡਨ 'ਚ ਇਸ ਵੈਰੀਐਂਟ ਦੇ ਮਾਮਲੇ ਸਭ ਤੋਂ ਜ਼ਿਆਦਾ ਹਨ।

## WSCC Unveil WSCC Launchpad, the First Sikh-Centric Startup Incubator

In a landmark event attended by esteemed guests and industry leaders, S. MPS Chadha ji, Founder of Chadha Sales Pvt. Ltd and Delhi Sikh Gurudwara Management Committee (DSGMC) Member, proudly inaugurated the WSCC Launchpad, the first-ever Sikh-centric startup incubator. The event took place in the presence of Dr. Parmeet Singh Chadha, Philanthropy Chairperson of WSCC Launchpad and Global Chairman of WSCC, Gurmeet Singh, CEO & Co-founder, DS Bhasin, Co- founder, Amardeep Singh, Co-founder, and other distinguished guests.

## ਚਲੂਲ

chalūla

Var: ਚਲੂਲੈ, ਚਲੂਲੀ, ਚਲੂਲਾ etc.



Persian, Adjective

ਗੂੜੇ ਲਾਲ ਰੰਗ ਦੇ (ਚੂ+ਲਾਲਾ 'ਲਾਲ' ਫੁੱਲ ਵਰਗਾ)

Deep red (like the dye of a poppy flower)

ਗੁਰਮੁਖਿ ਰੰਗਿ **ਚਲੂਲਿਆ** ਰੰਗਿ ਹਰਿ ਰੰਗਿ ਰਾਤੀ ॥

The Gurmukhs are imbued with the **deep crimson color of the poppy**; they are dyed in the color of the Lord's Love.

(Guru Nanak Dev Ji - Ang 138)

ਨਾਮਿ ਰਤੀਆ ਸੇ ਰੰਗਿ **ਚਲੂਲਾ** ਪਿਰ ਕੈ ਅੰਕਿ ਸਮਾਏ ॥

Those who are imbued with the Naam are dyed in the **deep crimson color** of the Lord's Love; they merge into the Being of their Husband Lord.

(Guru Amar Daas Ji - Ang 585)

## Gurbani Word Meaning Competition (Online)

https://forms.gle/GEbGWzJ76Zc68zu29

**ਜਪੁਜੀ ਸਾਹਿਬ ਵਿਚੋਂ 50 ਅਖਰਾਂ ਦੇ ਅਰਥ ਯਾਦ ਕਰਨੇ ਹਨ**

50 words from Japji Sahib
On 5th January 2024 at 7pm

Parkash Purab of Guru Gobind Singh Ji
(As per Mool Nanakshahi Calendar)

Five Prizes of Rs. 1000 each, 50 Prizes of Rs. 100 each

Organized by:

**Aao Baniye Gursikh Pyara Quiz Show**

(Completing 10 years on National TV Channel)
Only Reality Show of Sikh Community in Media History

For Enquiries Contact:
Taranpreet Singh 9013360745,
Harpreet Singh 98732 00740, Saroj Kaur 93111 77728,
Mamta Kaur 8051137918, Charanjit Kaur 99056 94407

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਮਾਤਾ ਗੁਜਰ ਕੌਰ ਜੀ ਦੇ ਜੀਵਨ ਵਿਚੋਂ ਅੱਜ ਦੀਆਂ ਬੀਬੀਆਂ ਨੂੰ ਕੀ ਸੰਦੇਸ਼ ਮਿਲਦਾ ਹੈ?**

a. ਧਰਮ ਪ੍ਰਤੀ ਦ੍ਰਿੜ੍ਹਤਾ
b. ਆਪਣੇ ਬੱਚਿਆਂ ਨੂੰ ਸਿੰਘਾਂ ਦੀ ਬਹਾਦੁਰੀ ਦੇ ਕਾਰਨਾਮੇ ਦੱਸਣੇ
c. ਨਿਡਰਤਾ ਤੇ ਅਡੋਲਤਾ ਦਾ ਗੁਣ ਸੰਜੋਣਾ
d. ਇਹ ਸਾਰੇ ਸੰਦੇਸ਼

**2. ਆਨੰਦਪੁਰ ਸਾਹਿਬ ਦੀ ਜੰਗ ਵਿੱਚ ਕਿਸ ਸਿੱਖ ਨੇ ਗੁਰੂ ਸਾਹਿਬ ਤੋਂ ਸਿਖਿਆ ਲੈ ਕੇ ਨਾਗਨੀ ਬਰਛੇ ਨਾਲ ਮਸਤ ਹਾਥੀ ਨੂੰ ਪਛਾੜਿਆ?**

a. ਉਦੈ ਸਿੰਘ b. ਜੀਵਨ ਸਿੰਘ
c. ਬਚਿੱਤਰ ਸਿੰਘ d. ਮਹਾਂ ਸਿੰਘ

**3. ਮੌਜੂਦਾ ਗਿਆਨ ਤੇ ਪੜਾਈ ਦੇ ਯੁਗ ਵਿਚ ਕਿਹੜੀ ਗਲ ਸਾਰਥਕ ਹੈ?**

a. ਗੁਰਦੁਆਰੇ ਦੀ ਗੋਲਕ ਦਿਖਾਵੇ ਦੇ ਕੰਮਾਂ 'ਤੇ ਖਰਚਣੀ
b. ਲੋੜਵੰਦ ਸਿੱਖਾਂ ਦੀ ਪੜ੍ਹਾਈ ਵਿਚ ਮਦਦ
c. ਕੌਮ ਲਈ ਰੋਜ਼ਗਾਰ ਮੁਹੱਈਆ ਕਰਾਉਣੇ
d. B ਅਤੇ C ਦੋਵੇਂ

**4. ਗੁਰਮਤ ਅਨੁਸਾਰ ਹੇਠ ਲਿਖੇ ਵਿੱਚੋਂ ਕੀ ਪ੍ਰਵਾਨ ਹੈ?**

a. ਸੰਗਰਾਂਦ b. ਪੂਰਨਮਾਸ਼ੀ
c. ਮਸਿਆ d. ਕੋਈ ਵੀ ਨਹੀਂ

(ਦੇਖੋ ਉੱਤਰ ਪੰਨਾ 4 'ਤੇ)

## CAREER COUNSELLING

### *Life is about Finishing The Game, Not Just Winning*



Narinder Pal Singh

Ever find yourself consumed by the win-loss mentality? Let us shift gears and embrace a powerful mindset.

In this game of life, winning isn't the ultimate prize - it's about consistently giving our best and seeing things through to the end.

Here are five essential strategies to embody true sportsmanship and keep your focus on finishing strong:

**Set Clrear Goals:** Define achievable objectives and work steadily towards them. A clear roadmap guides your efforts, helping you stay committed till the very end.

**Perseverance Is The Key:** When the going gets tough, keep going. Embrace challenges as opportunities for growth and push through obstacles with determination and grit.

**Teamwork Amplifies Success:** Cultivate a sense of camaraderie with your peers. Collaborating and supporting each other can elevate the game for everyone involved.

**Celebrate Progress, Big Or Small:** Recognize your achievements along the journey. Celebrating milestones fuels motivation and propels you forward towards the finish line.

**Adapt And Learn From Defeats:** Losses are not failures; they're lessons in disguise. Analyze setbacks, learn from them, and equip yourself to perform better in the next challenge.

Let's redefine success by accepting the joy of completion and the growth that comes from the journey. Finish strong, and remember, it's the journey that truly defines us.

**"Right Things Are Not Possible Always<br>Possible Things Are Not Right Always<br>Let's Be True To Our Heart &<br>We Will Never Go Wrong"**

◆◆◆◆◆

## Ludhiana, Amritsar, Jalandhar, Patiala to be part of PM-eBus scheme



In what appears to be a major boost to redefine urban mobility, Ludhiana is among the four cities which have been selected for the city bus service being introduced by the Union Government. Besides Ludhiana, Amritsar, Jalandhar and Patiala will also be part of the Rs 20,000-crore PM-eBus Sewa Scheme.

This was disclosed by Union Minister of State for Housing and Urban Affairs Kaushal Kishore in reply to a question of the Rajya Sabha MP from Ludhiana Sanjeev Arora during the ongoing winter session of Parliament.According to information, 100 e-buses will be provided to Ludhiana for city bus service in the first phase and the Municipal Corporation has requested for mini buses in view of the congestion and traffic bottlenecks in the state's biggest and largest city, in terms of area and population.


## SIKH MATRIMONIALS

Gursikh Amritdhari girl 27/5'2"/HR Business Partner in Ottawa, Canada/80K CAD/Father Bank Manager Looking for Amritdhari Boy. Contact +91 8000800059

Gursikh MBBS girl 27/5'8" Pursuing PG/ Father retired officer / Mother Home Maker/ One Sister married in Shanghai Contact+919425564616

Gursikh girl 25/5'2"/BSc Hons./ B.Ed Windsor Canada/Teacher in Windsor, Ontario/ Parents Govt Servants/ Contact +919868728293


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. D 4. D


Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Gurpardeep Singh (Canada)




email: canadasikhtimes@gmail.com, M: +1 437 673 7555